# ਅਧੀਨ ਸੇਵਾਵਾਂ ਚੋਣ ਬੋਰਡ

(S.S.S. Board)

ਵਣ ਭਵਨ, ਸੈਕਟਰ-68, ਐਸ.ਏ.ਐਸ ਨਗਰ (ਮੋਹਾਲੀ)

(ਕਾਂਊਸਲਿੰਗ ਸੰਬਧੀ ਜਨਤਕ ਨੋਟਿਸ)

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰ: 14/2021 ਅਧੀਨ ਵੈਟਰਨਰੀ ਇੰਸਪੈਕਟਰ ਦੀਆਂ 866 ਅਸਾਮੀਆਂ ਦੀ ਭਰਤੀ ਲਈ ਮਿਤੀ 08.07.2021 ਨੂੰ ਵੱਖ-ਵੱਖ ਅਖਬਾਰਾਂ ਵਿੱਚ ਪ੍ਰਕਾਸ਼ਿਤ ਇਸ਼ਤਿਹਾਰ ਰਾਹੀਂ ਅਰਜੀਆ ਦੀ ਮੰਗ ਕੀਤੀ ਗਈ ਸੀ। ਇਸ ਤੋਂ ਬਾਅਦ ਇਸ ਅਸਾਮੀ ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਦੀ ਮਿਤੀ 21.08.2021 ਨੂੰ ਲਿਖਤੀ ਪ੍ਰੀਖਿਆ ਕੰਡਕਟ ਕਰਵਾਈ ਗਈ ਸੀ। ਇਸ਼ਤਿਹਾਰ ਅਨੁਸਾਰ ਲਿਖਤੀ ਪ੍ਰੀਖਿਆ ਵਿਚ 120 ਅੰਕਾਂ ਵਿਚੋਂ 40% ਨੰਬਰ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਪਾਸ ਮੰਨਿਆ ਗਿਆ ਹੈ । ਜਿਸ ਅਨੁਸਾਰ 120 ਅੰਕਾਂ ਵਿਚੋਂ 48.00 ਮੈਰਿਟ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਕਾਂਊਸਲਿੰਗ ਲਈ ਬੁਲਾਇਆ ਜਾ ਜਾਂਦਾ ਹੈ ।

1. ਇਸ਼ਤਿਹਾਰ ਨੰ: 14 / 2021 ਅਧੀਨ ਵੈਟਰਨਰੀ ਇੰਸਪੈਕਟਰ ਦੀਆਂ 866 ਅਸਾਮੀਆਂ ਲਈ ਜਿਨ੍ਹਾਂ ਉਮੀਦਵਾਰਾਂ ਨੇ ਅਪਲਾਈ ਕੀਤਾ ਸੀ, ਦੀ ਕਾਂਊਸਲਿੰਗ ਮਿਤੀ 13.09.2021 ਤੋਂ ਮਿਤੀ 16.09.2021 ਤੱਕ ਬੋਰਡ ਦੇ ਦਫਤਰ ਵਣ ਭਵਨ, ਸੈਕਟਰ 68 ਮੋਹਾਲੀ ਵਿਖੇ ਰੱਖੀ ਗਈ ਹੈ। ਕਾਂਊਸਲਿੰਗ ਦਾ ਵਿਸਥਾਰਿਤ ਸਮਾਂ ਅਤੇ ਮੈਰਿਟ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਕੈਟਾਗਰੀ | ਚੋਣ ਵਿਧੀ ਅਨੁਸਾਰ ਵੈਟਰਨਰੀ ਇੰਸਪੈਕਟਰਾਂ ਦੀ ਮੈਰਿਟ | ਸਮਾਂ |
|---|---|---|---|
| 1 | ਜਨਰਲ | 80 ਅੰਕ ਅਤੇ ਇਸ ਤੋਂ ਵੱਧ | 13.09.2021 (ਸਵੇਰੇ 10 ਵਜੇ ਤੋਂ ) |
| | | 71 ਅੰਕ ਅਤੇ ਇਸ ਤੋਂ ਵੱਧ | 13.09.2021 (ਸਵੇਰੇ 10 ਵਜੇ ਤੋਂ ) |
| | | 65 ਅੰਕ ਅਤੇ ਇਸ ਤੋਂ ਵੱਧ | 13.09.2021 (ਸਵੇਰੇ 10 ਵਜੇ ਤੋਂ ) |
| | ਜਨਰਲ | 56 ਅੰਕ ਅਤੇ ਇਸ ਤੋਂ ਵੱਧ | 14.09.2021(ਸਵੇਰੇ 10 ਵਜੇ ਤੋਂ ) |
| | ਜਨਰਲ | 48 ਅੰਕ ਅਤੇ ਇਸ ਤੋਂ ਵੱਧ | 14.09.2021(ਸਵੇਰੇ 10 ਵਜੇ ਤੋਂ ) |
| 2 | ਆਰਥਿਕ ਕਮਜ਼ੋਰ ਵਰਗ | 48 ਅੰਕ ਅਤੇ ਇਸ ਤੋਂ ਵੱਧ | 14.09.2021(ਸਵੇਰੇ 10 ਵਜੇ ਤੋਂ ) |
| 3 | ਐਸ.ਸੀ. (ਐਮ.ਬੀ) | 48 ਅੰਕ ਅਤੇ ਇਸ ਤੋਂ ਵੱਧ | 15.09.2021(ਸਵੇਰੇ 10 ਵਜੇ ਤੋਂ ) |
| 4 | ਐਸ.ਸੀ.(ਆਰ.ਓ) | 48 ਅੰਕ ਅਤੇ ਇਸ ਤੋਂ ਵੱਧ | 15.09.2021(ਸਵੇਰੇ 10 ਵਜੇ ਤੋਂ ) |
| 5 | ਬੀ.ਸੀ. | 70 ਅੰਕ ਅਤੇ ਇਸ ਤੋਂ ਵੱਧ | 15.09.2021 (ਸਵੇਰੇ 10 ਵਜੇ ਤੋਂ ) |
| | | 48 ਅੰਕ ਅਤੇ ਇਸ ਤੋਂ ਵੱਧ | 16.09.2021 (ਸਵੇਰੇ 10 ਵਜੇ ਤੋਂ ) |
| 6 | ਸਾਬਕਾ ਫੌਜੀ (ਜਨਰਲ) ਖੁਦ/ਆਸ਼ਰਿਤ | 48 ਅੰਕ ਅਤੇ ਇਸ ਤੋਂ ਵੱਧ | 16.09.2021 (ਸਵੇਰੇ 10 ਵਜੇ ਤੋਂ ) |
| 8 | ਸਾਬਕਾ ਫੌਜੀ (ਐਸ.ਸੀ.)(ਐਮ.ਬੀ) ਖੁਦ/ਆਸ਼ਰਿਤ | 48 ਅੰਕ ਅਤੇ ਇਸ ਤੋਂ ਵੱਧ | 16.09.2021 (ਸਵੇਰੇ 10 ਵਜੇ ਤੋਂ ) |
| 9 | ਸਾਬਕਾ ਫੌਜੀ (ਐਸ.ਸੀ.)(ਆਰ.ਓ) ਖੁਦ/ਆਸ਼ਰਿਤ | 48 ਅੰਕ ਅਤੇ ਇਸ ਤੋਂ ਵੱਧ | 16.09.2021 (ਸਵੇਰੇ 10 ਵਜੇ ਤੋਂ ) |
| 10 | ਸਾਬਕਾ ਫੌਜੀ (ਬੀ.ਸੀ.) ਖੁਦ/ਆਸ਼ਰਿਤ | 48 ਅੰਕ ਅਤੇ ਇਸ ਤੋਂ ਵੱਧ | 16.09.2021 (ਸਵੇਰੇ 10 ਵਜੇ ਤੋਂ ) |
| 11 | ਖਿਡਾਰੀ (ਜਨਰਲ) | 48 ਅੰਕ ਅਤੇ ਇਸ ਤੋਂ ਵੱਧ | 16.09.2021 (ਸਵੇਰੇ 10 ਵਜੇ ਤੋਂ ) |

| | | | |
|---|---|---|---|
| 12 | ਖਿਡਾਰੀ (ਐਸ.ਸੀ.)(ਐਮ.ਬੀ.) | 48 ਅੰਕ ਅਤੇ ਇਸ ਤੋਂ ਵੱਧ | 16.09.2021 (ਸਵੇਰੇ 10 ਵਜੇ ਤੋਂ ) |
| 13 | ਖਿਡਾਰੀ (ਐਸ.ਸੀ.)(ਆਰ.ਓ) | 48 ਅੰਕ ਅਤੇ ਇਸ ਤੋਂ ਵੱਧ | 16.09.2021 (ਸਵੇਰੇ 10 ਵਜੇ ਤੋਂ ) |
| 14 | ਦਿਵਿਆਂਗ ਵਰਗ | 48 ਅੰਕ ਅਤੇ ਇਸ ਤੋਂ ਵੱਧ | 16.09.2021 (ਸਵੇਰੇ 10 ਵਜੇ ਤੋਂ ) |

2. ਉਮੀਦਵਾਰ ਆਪਣੇ ਅਸਲ ਦਸਤਾਵੇਜਾਂ ਸਮੇਤ ਉਪਰ ਦਰਸਾਏ ਸ਼ਡਿਊਲ ਅਨੁਸਾਰ ਕਾਂਊਸਲਿੰਗ ਵਿਚ ਹਾਜਰ ਹੋਣਾਂ ਯਕੀਨੀ ਬਣਾਉਣ, ਇਸ ਸੰਬਧੀ ਕੋਈ ਹੋਰ ਮੌਕਾਂ ਨਹੀਂ ਦਿੱਤਾ ਜਾਵੇਗਾ। ਕਾਂਊਸਲਿੰਗ ਵਿੱਚ ਨਾਮ ਆ ਜਾਣ ਅਤੇ ਹਾਜਰ ਹੋਣ ਨਾਲ ਕੋਈ ਵੀ ਉਮੀਦਵਾਰ ਸਬੰਧਤ ਅਸਾਮੀ ਤੇ ਨਿਯੁਕਤੀ ਦਾ ਅਧਿਕਾਰੀ ਨਹੀਂ ਬਣ ਜਾਂਦਾ।

3. ਕਾਂਊਸਲਿੰਗ ਦੌਰਾਨ Covid-19 ਸਬੰਧੀ Annexure-A ਤੇ ਦਰਸਾਈਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਉਮੀਦਵਾਰ ਪਾਬੰਦ ਹੋਣਗੇ।

4. ਉਪਰੋਕਤ ਤੋਂ ਇਲਾਵਾ ਉਪਰ ਦਰਸਾਏ ਸ਼ਡਿਊਲ ਅਨੁਸਾਰ ਮਿੱਥੀ ਮਿਤੀ ਅਤੇ ਸਮੇਂ ਤੇ ਕਾਂਊਸਲਿੰਗ ਲਈ ਬੋਰਡ ਦੇ ਦਫਤਰ ਵਿਚ ਹਾਜਰ ਹੋਣ ਸਮੇਂ ਉਮੀਦਵਾਰ ਹੇਠ ਲਿਖੇ ਦਸਤਾਵੇਜਾਂ/ਸਰਟੀਫਿਕੇਟਾਂ ਦੀਆਂ ਸਵੈ-ਤਸਦੀਕਸ਼ੁਦਾ ਫੋਟੋ-ਕਾਪੀਆਂ ਫਾਈਲ ਕਵਰ (ਨਾ ਕਿ ਪਲਾਸਟਿਕ ਦੇ ਫੋਲਡਰ ਵਿਚ )ਟੈਗ ਨਾਲ ਨੱਥੀ ਕਰਕੇ ਕਰਕੇ ਪੇਸ਼ ਕਰਨਾ ਯਕੀਨੀ ਬਣਾਉਣ:-

1) ਸਬੰਧਤ ਉਮੀਦਵਾਰ ਕਾਂਊਸਲਿੰਗ ਤੇ ਹਾਜਰ ਹੋਣ ਸਮੇ Annexure-B ਅਤੇ Annexure-C ਤੇ ਨੱਥੀ ਪ੍ਰੋਫਾਰਮਾਂ ਭਰ ਕੇ ਉਸ ਉਪਰ ਤਾਜ਼ਾ ਪਾਸਪੋਰਟ ਸਾਇਜ਼ ਫੋਟੋ ਚਿਪਕਾ ਕੇ ਪੇਸ਼ ਕਰਨਗੇ;
2) ਜਨਮ ਮਿਤੀ ਅਤੇ ਦਸਵੀ ਪੱਧਰ ਤੇ ਪੰਜਾਬੀ ਪਾਸ ਦੇ ਸਬੂਤ ਵਜੋਂ ਮੈਟਰਿਕ ਦਾ ਅਸਲ ਸਰਟੀਫਿਕੇਟ ;
3) ਵਿਦਿਅਕ ਯੋਗਤਾ ਦੇ ਅਸਲ ਸਰਟੀਫਿਕੇਟ (ਡਿਟੇਲਡ ਮਾਰਕ ਕਾਰਡ ਅਤੇ ਡਿਗਰੀ);
4) ਸ਼ਨਾਖਤੀ ਸਬੂਤ ਵਜੋਂ ਪੈਨ ਕਾਰਡ/ਅਧਾਰ ਕਰਾਡ/ਪਾਸਪੋਰਟ/ਵੋਟਰ ਸ਼ਨਾਖਤੀ ਕਾਰਡ/ਡਰਾਇਵਿੰਗ ਲਾਇਸੰਸ (ਕੋਈ ਇਕ);
5) ਰਾਖਵੀਆਂ ਸ਼੍ਰੇਣੀਆਂ ਦੇ ਉਮੀਦਵਾਰ ਪੰਜਾਬ ਦੇ ਨਿਵਾਸੀ ਹੋਣ ਦੇ ਸਬੂਤ ਵਜੋਂ ਤਾਜਾ ਜਾਰੀ ਕੀਤੇ (5 ਸਾਲ ਤੋਂ ਘੱਟ ਪੁਰਾਣਾ) ਰਿਹਾਇਸ਼ੀ ਸਰਟੀਫਿਕੇਟ ;
6) ਪੱਛੜੀਆਂ ਸ੍ਰੇਣੀਆਂ ਨਾਲ ਸਬੰਧਤ ਉਮੀਦਵਾਰਾਂ ਵੱਲੋਂ ਭਲਾਈ ਵਿਭਾਗ ਦੀਆਂ ਜਾਰੀ ਹਦਾਇਤਾਂ ਅਨੁਸਾਰ ਕਰੀਮੀਲੇਅਰ ਲਈ ਆਮਦਨ ਆਦਿ ਸਬੰਧਤ ਵੇਰਵਿਆਂ ਦਾ ਜਿਕਰ ਕਰਦੇ ਹੋਏ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਸਵੈ-ਘੋਸ਼ਣਾ ਪੱਤਰ ਵੀ ਨਾਲ ਲੈ ਕੇ ਆਉਣ ਅਤੇ
7) ਯੋਗਤਾ ਆਦਿ ਸਬੰਧੀ ਸਰਟੀਫਿਕੇਟਾਂ ਦੀਆ ਸਵੈ-ਤਸਦੀਕ ਫੋਟੋ ਕਾਪੀਆਂ, ਫਾਈਲ ਕਵਰ ਵਿਚ ਨੱਥੀ ਕਰਕੇ ਕਾਂਊਸਲਿੰਗ ਦੌਰਾਨ ਪੇਸ਼ ਕਰਨ ਯਕੀਨੀ ਬਣਾਉਣਗੇ।

ਸਕੱਤਰ

ਮਿਤੀ : 8/09/2021 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

Annexure-A

ਕੋਵਿਡ-19 ਮਹਾਂਮਾਰੀ ਤੋਂ ਬਚਾਅ ਸਬੰਧੀ ਉਮੀਦਾਵਰਾਂ ਲਈ ਜਰੂਰੀ ਹਦਾਇਤਾਂ:-

1) ਦੇਸ਼ ਭਰ ਵਿਚ ਕੋਵਿਡ-19 ਮਹਾਂਮਾਰੀ ਦੇ ਫੈਲਣ ਕਾਰਨ ਉਤਪੰਨ ਹੋਏ ਮੌਜੂਦਾ ਹਾਲਾਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਪਰ ਨੋਟਿਸ ਵਿਚ ਆਪਣੀ ਮੈਰਿਟ ਦੇ ਸਾਹਮਣੇ ਦਰਸਾਏ ਸਮੇਂ ਅਨੁਸਾਰ ਹੀ ਬੋਰਡ ਦੇ ਦਫਤਰ ਵਿਖੇ ਕਾਂਊਸਲਿੰਗ ਲਈ ਹਾਜਰ ਹੋਣਾ ਯਕੀਨੀ ਬਣਾਉਣ ਤਾਂ ਜੋ ਸਮਾਜਿਕ ਦੂਰੀ (Social Distancing) ਦੇ ਨਿਯਮਾਂ ਦੀ ਪਾਲਣਾ ਕੀਤੀ ਜਾ ਸਕੇ। ਇਸ ਮੰਤਵ ਲਈ ਉਮੀਦਵਾਰ ਨੂੰ ਉਨ੍ਹਾਂ ਦੀ ਮੈਰਿਟ ਸਾਹਮਣੇ ਦਰਸਾਏ ਸਮੇਂ ਤੋਂ ਸਿਰਫ ਅੱਧਾ-ਘੰਟਾ (30 ਮਿੰਟ ) ਪਹਿਲਾਂ ਹੀ ਬੋਰਡ ਦੇ ਦਫਤਰ ਅੰਦਰ ਆਉਣ ਦੀ ਆਗਿਆ ਦਿੱਤੀ ਜਾਏਗੀ।

2) ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਸੰਭਵ ਹੋਵੇ ਤਾਂ ਕਾਂਊਸਲਿੰਗ ਲਈ ਸਿਰਫ ਇਕੱਲੇ ਹੀ ਆਉਣ ਦੀ ਕੋਸ਼ਿਸ ਕਰਨ, ਭਾਵ ਕਿ ਆਪਣੇ ਨਾਲ ਪਰਿਵਾਰ ਦੇ ਕਿਸੇ ਮੈਂਬਰ/ਸਾਥੀ ਨੂੰ ਨਾਲ ਲੈ ਕੇ ਆਉਣ ਤੋਂ ਪਰਹੇਜ਼ ਕਰਨ ਤਾਂ ਜੋ ਬੋਰਡ ਦੇ ਦਫਤਰ ਵਿੱਚ ਇਕੱਠ ਨਾ ਹੋ ਸਕੇ। ਵਣ ਕੰਪਲੈਕਸ ਵਿਚ ਸਥਿਤ ਬੋਰਡ ਦੇ ਦਫਤਰ ਵਿੱਚ ਸਿਰਫ ਉਮੀਦਵਾਰਾਂ ਨੂੰ ਹੀ ਅੰਦਰ ਆਉਣ ਦੀ ਆਗਿਆ ਦਿੱਤੀ ਜਾਏਗੀ।

3) ਹਰ ਉਮੀਦਵਾਰ ਦੀ Entry ਸਮੇਂ Thermal Screening ਕੀਤੀ ਜਾਏਗੀ, ਜਿਸਦੀ ਪਾਲਣਾ ਕਰਨਾ ਹਰ ਉਮੀਦਵਾਰ ਲਈ ਲਾਜ਼ਮੀ ਹੈ।

4) ਉਮੀਦਵਾਰ ਮਾਸਕ/ਰੁਮਾਲ/ਕੱਪੜਾ ਆਦਿ ਨਾਲ ਆਪਣਾ ਨੱਕ-ਮੂੰਹ ਢਕ ਕੇ ਹੀ ਕਾਂਊਸਲਿੰਗ ਲਈ ਆਉਣਗੇ।ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਨਾਲ Sanitizer ਲੈ ਕੇ ਆਉਣ ਤਾਂ ਜੋ ਬੋਰਡ ਦੇ ਦਫਤਰ ਪਹੁੰਚਣ ਦੌਰਾਨ Infection ਤੋ ਬਚਿਆ ਜਾ ਸਕੇ।

5) ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਨਜਦੀਕ Source fo Infaction ਨੂੰ identify ਕਰਨ ਦੇ ਮੰਤਵ ਲਈ ਆਪਣੇ ਮੋਬਾਇਲ ਫੋਨ ਵਿਚ Aarogya Setu APP ਅਤੇ COVA App ਜਰੂਰ install ਕਰਨ ਤਾਂ ਜੋ ਕੋਵਿਡ-19 infaction ਹੋਣ ਦੇ ਖਤਰੇ ਤੋਂ ਸੁਚੇਤ ਹੋਇਆ ਜਾ ਸਕੇ ਅਤੇ ਆਪਣੇ ਆਸ-ਪਾਸ ਸੁਰੱਖਿਅਤ ਵਾਤਾਵਰਣ ਸਿਰਜਿਆ ਜਾ ਸਕੇ।

6) ਉਮੀਦਵਾਰ ਬੋਰਡ ਦੇ ਦਫਤਰ ਵਿਖੇ ਪਹੁੰਚ ਕਰਨ ਅਤੇ ਕਾਊਸਲਿੰਗ ਉਪਰੰਤ ਵਾਪਸ ਪਰਤਣ ਦੌਰਾਨ ਸਮਾਜਿਕ ਦੂਰੀ (Social Distancing ) ਬਣਾਏ ਰੱਖਣਾ ਯਕੀਨੀ ਬਣਾਉਣਗੇ।

7) ਕਾਂਊਸਲਿੰਗ ਲਈ ਬੋਰਡ ਦੇ ਦਫਤਰ ਵਿਖੇ ਤੈਅ ਸਮੇਂ ਤੇ ਪਹੁੰਚਣਾ ਅਤੇ ਵਾਪਸ ਪਰਤਣ ਦੀ ਜਿੰਮੇਵਾਰੀ ਉਮੀਦਵਾਰਾਂ ਦੀ ਖੁਦ ਦੀ ਹੀ ਹੋਵੇਗੀ। ਕੋਵਿਡ-19 ਮਹਾਂਮਾਰੀ ਦੇ ਸੰਕਟ ਕਾਰਨ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੂਝਵਾਨ ਨਾਗਰਿਕ ਦੀ ਭੂਮਿਕਾ ਨਿਭਾਂਉਦੇ ਹੋਏ ਜਿੰਮੇਵਾਰੀ ਨਾਲ ਬੋਰਡ ਦੇ ਦਫਤਰ ਵਿਖੇ ਪਹੁੰਚਣ ਅਤੇ ਵਾਪਸ ਪਰਤਣ ਦੌਰਾਨ ਵੀ ਹਰ ਤਰਾਂ ਦੀ ਸਾਵਧਾਨੀ ਵਰਤਣ।

8) ਇਸ ਤੋਂ ਬਿਨਾਂ ਉਮੀਦਵਾਰ ਸਰਕਾਰ ਵੱਲੋਂ ਕੋਵਿਡ-19 ਸਬੰਧੀ ਵੱਖ-ਵੱਖ ਸਮੇਂ ਤੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣਗੇ।

------------End of Annexure A------------

**Annexure-B**

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

(S.S.S.Board, Punjab)

ਵਣ ਭਵਨ, ਸੈਕਟਰ-68, ਐਸ.ਏ.ਐਸ.ਨਗਰ

ਇਸ਼ਤਿਹਾਰ ਨੰ: 14/2021- ਵੈਨਰਨਰੀ ਇੰਸਪੈਕਟਰ ਦੀਆਂ ਅਸਾਮੀਆਂ ਭਰਨ ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਦੀ ਕਾਊਸਲਿੰਗ ਦੀ ਮਿਤੀ :-

ਅਪਲਾਈ ਕੀਤੀ ਗਈ ਕੈਟਾਗਰੀ ਦਾ ਨਾਮ ਅਤੇ ਕੋਡ:-

1. ਐਪਲੀਕੇਸ਼ਨ ਨੰਬਰ:- ਰੋਲ ਨੰ:-
2. ਉਮੀਦਵਾਰ ਦਾ ਨਾ:-.................................. ਪਿਤਾ ਦਾ ਨਾਂ:-...........................................................
3. ਜਨਮ ਮਿਤੀ :-..........................(01.01.2021 ਨੂੰ ਉਮਰ) (ਸਾਲ.............. ਮਹੀਨਾ.............. ਦਿਨ.............)
4. ਕੀ ਦਸਵੀਂ ਪੱਧਰ ਦੀ ਪੰਜਾਬੀ ਪਾਸ ਹੈ:-
5. ਰਿਹਾਇਸ਼ੀ ਪਤਾ:-.................................................................................................

   .................................................................................................
6. ਮੋਬਾਇਲ ਨੰਬਰ (1)........................................... (2)...........................................
7. ਕਿ ਤੁਸੀ ਵਿਮੁਕਤ ਜਾਤੀ ਨਾਲ ਸਬੰਧ ਰੱਖਦੇ ਹੋ:- (ਜੀ ਹਾਂ) ਜਾਂ (ਜੀ ਨਹੀਂ) ..............................
8. ਇਸ ਕਾਲਮ ਵਿਚ ਲੋੜੀਂਦੀ ਵਿਦਿਅਕ ਯੋਗਤਾ ਇਸ਼ਤਿਹਾਰ ਅਨੁਸਾਰ ਦਰਜ ਕੀਤੀ ਜਾਵੇ।

| ਲੜੀ ਨੰ: | ਵਿਦਿਅਕ ਯੋਗਤਾ | ਬੋਰਡ /ਯੂਨੀਵਰਸਿਟੀ | ਸਾਲ | ਕੁੱਲ ਅੰਕ | ਪ੍ਰਾਪਤ ਅੰਕ | ਅੰਕ ਪ੍ਰਤੀਸ਼ਤਾ |
|---|---|---|---|---|---|---|
| 1 | ਦਸਵੀਂ | | | | | |
| 2 | 10+2 | | | | | |
| 3 | ਡਿਪਲੋਮਾ ਵੈਟਰਨਰੀ ਸਾਂਇੰਸ ਅਤੇ ਐਨੀਮਲ ਹੈਲਥ ਟਕਨਾਲੋਜੀ | | | | | |
| 4 | ਵਾਧੂ ਵਿਦਿਅਕ ਯੋਗਤਾ (ਜੇ ਕੋਈ ਹੋਵੇ ਤਾਂ ) | | | | | |

1) ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵੱਲੋਂ ਭੇਜੇ ਗਏ ਉਪਰੋਕਤ ਵੇਰਵੇ ਸਹੀ ਵਾ ਦਰੁਸਤ ਹਨ।
2) ਅਰਜੀ ਨਾਲ ਨੱਥੀ ਦਸਤਾਵੇਜ ਮੇਰੇ ਵੱਲੋਂ ਪ੍ਰਮਾਣਿਤ ਕੀਤੇ ਜਾਂਦੇ ਹਨ।
3) ਉਪਰੋਕਤ ਜਾਣਕਾਰੀ ਅਤੇ ਦਸਤਾਵੇਜਾਂ ਦੀ ਫਾਈਲ ਜਮਾਂ ਕਰਵਾਉਣ ਵੇਲੇ ਮੇਰੇ ਵੱਲੋਂ ਕੋਈ ਵੀ ਤੱਥ ਨਾ ਛੁਪਾਇਆ ਗਿਆ ਹੈ ਅਤੇ ਨਾ ਹੀ ਝੂਠਾ/ਗਲਤ ਪੇਸ਼ ਕੀਤਾ ਗਿਆ ਹੈ ।
4) ਅਸਲ ਦਸਤਾਵੇਜ ਤੇ ਸਹੀ ਨਾ ਪਾਉਣ ਤੇ ਮੈਂ ਆਪਣੇ ਵਿਰੁੱਧ ਬਣਦੀ ਸਿਵਲ ਅਤੇ ਫੌਜਦਾਰੀ ਕਾਨੂੰਨੀ ਕਾਰਵਾਈ ਦਾ ਭਾਗੀ ਹੋਵਾਂਗਾ/ਹੋਵਾਂਗੀ ਅਤੇ ਮੈ ਜਾਣੂ ਹਾਂ ਕਿ ਇਸ ਨਾਲ ਮੇਰੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ ।
5) ਮੈ ਤਨਖਾਹ/ਹੋਰ ਮਾਮਲਿਆਂ ਸਬੰਧੀ ਵਿੱਤ ਵਿਭਾਗ ਪੰਜਾਬ/ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਨੂੰ ਮੰਨਣ ਲਈ ਪਾਬੰਦ ਹੋਵਾਂਗਾਂ/ਹੋਵਾਂਗੀ।

ਪ੍ਰਾਰਥੀ ਦੇ ਹਸਤਾਖਰ

<u>ਦਫਤਰੀ ਵਰਤੋਂ ਲਈ</u>

6) ਰਾਖਵੀ ਸ਼੍ਰੇਣੀ ਸਰਟੀਫਿਕੇਟ .......................................................ਹਸਤਾਖਰ

   ਵਿਮੁਕਤ ਜਾਤੀ .......................................................................ਹਸਤਾਖਰ

7) ਸਾਬਕਾ ਫੌਜੀ ਸਰਟੀਫਿਕੇਟ .......................................................ਹਸਤਾਖਰ

(ੳ) ਤਸਦੀਕ ਕੀਤਾ ਜਾਂਦਾ ਹੈ ਕਿ ਪ੍ਰਾਰਥੀ ਤੇ ਉਕਤ ਵੇਰਵਿਆਂ ਸਬੰਧੀ ਅਸਲੀ ਦਸਤਾਵੇਜ/ਪ੍ਰਾਰਥੀ ਦਾ ਬਿਨੈ ਪੱਤਰ ਚੈਕ ਕਰ ਲਏ ਗਏ ਹਨ। ਉਪਰੋਕਤ ਵੇਰਵੇ ਅਸਲ ਸਰਟੀਫਿਕੇਟਾਂ ਅਨੁਸਾਰ ਹਨ।

(ਅ) ਕਮੇਟੀ ਮੈਂਬਰ ਸਾਹਿਬਾਨ ਵੱਲੋਂ ਦਿੱਤੀ ਟਿੱਪਣੀ ਜੋ ਵੀ ਹੋਵੇ:-

ਕਮੇਟੀ ਨੰਬਰ(1) (2) ਕਮੇਟੀ ਮੈਬਰਾਂ ਦੇ ਹਸਤਾਖਰ

## ਵਿੱਦਿਅਕ ਯੋਗਤਾ ਸਬੰਧੀ ਸਵੈ-ਘੋਸ਼ਣਾ/ਤਸਦੀਕ ਪੱਤਰ **Annexure-C**

(ਬਾਬਤ ਇਸ਼ਤਿਹਾਰ ਨੰ; 14/2021, **ਵੈਟਰਨਰੀ ਇੰਸਪੈਕਟਰ** ਦੀ ਕਾਊਂਸਲਿੰਗ ਸਬੰਧੀ)

1) ਮੈਂ ____________________ ਪੁੱਤਰ/ਪੁੱਤਰੀ ਸ਼੍ਰੀ____________________ ਵਾਸੀ________________ ________________________________________________ ਐਪਲੀਕੇਸ਼ਨ ਨੰ: ______________ ਅਧੀਨ ______________________ ਦੀ ਆਸਾਮੀ ਲਈ ਅਪਲਾਈ ਕੀਤਾ ਸੀ।

2) ਇਹ ਕਿ ਮੈਂ ਸਬੰਧਤ/ਉਪਰੋਕਤ ਪੋਸਟ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ/ਕਰਦੀ ਹਾਂ ਅਤੇ ਮੇਰੇ ਵੱਲੋਂ ਵੱਖ-ਵੱਖ ਯੂਨੀਵਰਸਿਟੀਆਂ ਤੋਂ ਪ੍ਰਾਪਤ ਵਿੱਦਿਅਕ ਯੋਗਤਾਵਾਂ, ਜੋ ਕਿ ਮੈਂ ਪਾਸ ਕੀਤੀਆਂ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਵਦਿਅਕ ਯੋਗਤਾ | ਯੂਨੀਵਰਸਿਟੀ /ਬੋਰਡ | ਸਾਲ | ਰੈਗੂਲਰ / ਡਿਸਟੈਂਸ / ਪ੍ਰਾਈਵੇਟ ਪੱਤਰ /ਵਿਹਾਰ ਰਾਹੀਂ | ਸੰਸਥਾ (ਸਕੂਲ/ਕਾਲਜ) ਦਾ ਨਾਮ | ਯੂਨੀਵਰਸਿਟੀ/ ਸਟੱਡੀ ਸੈਂਟਰ /ਸੰਸਥਾ ਦਾ ਨਾਮ ਅਤੇ ਪਤਾ ਜਿੱਥੇ ਲੈਕਚਰ ਲਗਾਏ ਗਏ। | ਪ੍ਰੀਖਿਆਂ ਕੇਂਦਰ ਦਾ ਨਾਮ ਤੇ ਪਤਾ | ਸੈਸ਼ਨ ਦੋਰਾਨ ਰਿਹਾਇਸ਼ ਦਾ ਪੂਰਾ ਵੇਰਵਾ | ਪ੍ਰਾਪਤ ਅੰਕ /ਕੁੱਲ ਅੰਕ ਅਤੇ ਪ੍ਰਤੀਸ਼ਤਤਾ |
|---|---|---|---|---|---|---|---|---|---|
| 1 | ਦਸਵੀਂ | | | | | | | | |
| 2 | ਬਾਰਵੀਂ | | | | | | | | |
| 3 | ਡਿਪਲੋਮਾ ਵੈਟਰਨਰੀ ਸਾਇੰਸ ਅਤੇ ਐਨੀਮਲ ਹੈਲਥ ਟਕਨਾਲੋਜੀ | | | | | | | | |
| 4 | ਹੋਰ ਯੋਗਤਾ, ਜੇਕਰ ਹੈ | | | | | | | | |

| ਲੜੀ ਨੰਬਰ | ਡਿਪਲੋਮੇ ਦੌਰਾਨ ਪੜੇ ਗਏ ਵਿਸ਼ੇ | ਪੜਾਉਣ ਵਾਲੇ ਅਧਿਆਪਕ ਦਾ ਨਾਂ | ਜਿੱਥੇ ਕਲਾਸ/ਲੈਕਚਰ ਲਗਾਏ ਗਏ |
|---|---|---|---|
| 1 | | | |
| 2 | | | |
| 3 | | | |
| 4 | | | |
| 5 | | | |

1) ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵੱਲੋ ਭਰੇ ਗਏ ਉਪਰੋਕਤ ਵੇਰਵੇ ਸਹੀ ਵਾ ਦਰੁਸਤ ਹਨ।
2) ਅਰਜੀ ਨਾਲ ਨੱਥੀ ਦਸਤਾਵੇਜ ਮੇਰੇ ਵੱਲੋਂ ਪ੍ਰਮਾਣਿਤ ਕੀਤੇ ਜਾਂਦੇ ਹਨ।
3) ਉਪਰੋਕਤ ਜਾਣਕਾਰੀ ਅਤੇ ਦਸਤਾਵੇਜਾਂ ਦੀ ਫਾਈਲ ਜਮਾਂ ਕਰਵਾਉਣ ਵੇਲੇ ਮੇਰੇ ਵੱਲੋਂ ਕੋਈ ਵੀ ਤੱਥ ਨਾ ਛੁਪਾਇਆ ਗਿਆ ਹੈ ਅਤੇ ਨਾ ਹੀ ਝੂਠਾ/ਗਲਤ ਪੇਸ ਕੀਤਾ ਗਿਆ ਹੈ।
4) ਅਸਲ ਦਸਤਾਵੇਜਾਂ ਦੇ ਸਹੀ ਨਾ ਪਾਉਣ ਤੇ ਮੈਂ ਆਪਣੇ ਵਿਰੁੱਧ ਬਣਦੀ ਸਿਵਲ ਅਤੇ ਫੌਜਦਾਰੀ ਕਾਨੂੰਨੀ ਕਾਰਵਾਈ ਦਾ ਭਾਗੀ ਹੋਵਾਂਗਾ/ ਹੋਵਾਂਗੀ ਅਤੇ ਮੈਂ ਜਾਣੂ ਹਾਂ ਕਿ ਇਸ ਨਾਲ ਮੇਰੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

ਮਿਤੀ/ਸਥਾਨ: (ਬਿਆਨਕਰਤਾ)